ਜਾਗਰੁਕ ਪਰਿਵਾਰ



ਵਿੱਤੀ ਜਾਗਰੂਕਤਾ 'ਤੇ ਇੱਕ ਕਿਤਾਬਚਾ

ਖਪਤਕਾਰ ਸਿੱਖਿਆ ਅਤੇ ਸੁਰੱਖਿਆ ਵਿਭਾਗ ਰਿਜ਼ਰਵ
ਬੈਂਕ ਆਫ ਇੰਡੀਆ

भारतीय रिज़र्व बैंक

RESERVE BANK OF INDIA

ਮੁਖਬੰਧ

ਖਪਤਕਾਰ ਜਾਗਰੂਕਤਾ ਪਹਿਲਕਦਮੀਆਂ ਦੇ ਹਿੱਸੇ ਵਜੋਂ, ਰਿਜ਼ਰਵ ਬੈਂਕ ਨੇ ਦੋ ਕਿਤਾਬਚੇ ਜਾਰੀ ਕੀਤੇ ਹਨ; ਮਾਰਚ 2022 ਵਿੱਚ 'ਸਾਵਧਾਨ ਰਹੋ' ਅਤੇ ਦਸੰਬਰ 2022 ਵਿੱਚ 'ਰਾਜੂ ਅਤੇ ਚਾਲੀ ਚੋਰ'। ਇਹ ਕਿਤਾਬਚੇ ਲੋਕਾਂ ਵਿੱਚ ਧੋਖਾਧੜੀ ਦੇ ਢੰਗ-ਤਰੀਕਿਆਂ ਬਾਰੇ ਜਾਗਰੂਕਤਾ ਪੈਦਾ ਕਰਦੇ ਹਨ,ਅਤੇ ਨਾਲ ਹੀ ਵਿੱਤੀ ਲੈਣ-ਦੇਣ ਕਰਨ ਵੇਲੇ ਅਪਣਾਉਣ ਵਾਲੀਆਂ ਸਾਵਧਾਨੀਆਂ ਬਾਰੇ ਵੀ ਜਾਣਕਾਰੀ ਦਿੰਦੇ ਹਨ। ਕਿਤਾਬਚੇ ਨੂੰ ਜਨਤਾ ਦੇ ਮੈਂਬਰਾਂ ਅਤੇ ਹੋਰ ਹਿੱਸੇਦਾਰਾਂ ਵੱਲੋਂ ਸਕਾਰਾਤਮਕ ਹੁੰਗਾਰਾ ਮਿਲਿਆ।

ਮੌਜੂਦਾ ਕਿਤਾਬ 'ਜਾਗਰੂਕ ਪਰਿਵਾਰ' ਇਸ ਲੜੀ ਵਿੱਚ ਅਗਲੀ ਹੈ ਅਤੇ ਰਾਜੂ, ਉਸਦੇ ਪਰਿਵਾਰ ਅਤੇ ਦੋਸਤਾਂ ਦੀ ਵਿੱਤੀ ਜਾਗਰੂਕਤਾ ਦੇ ਪੱਧਰ ਨੂੰ ਇੱਕ ਚਿੱਤਰ ਦੇ ਰੂਪ ਵਿੱਚ ਦਰਸਾਉਂਦੀ ਹੈ।ਇਸ ਵਿੱਚ ਕਵਰ ਕੀਤੇ ਗਏ ਮੁੱਦੇ ਵੱਖ-ਵੱਖ ਬੈਂਕਿੰਗ ਸੇਵਾਵਾਂ ਅਤੇ ਸਹੂਲਤਾਂ ਦੀ ਵਰਤੋਂ ਦੌਰਾਨ ਲੋਕਾਂ ਨੂੰ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਨਾ ਸਿਰਫ ਵਿੱਤੀ ਧੋਖਾਧੜੀ ਦੇ ਮੁੱਦਿਆਂ ਬਾਰੇ ਹਨ ਬਲਕਿ ਇਸਤੋਂ ਅੱਗੇ ਵੀ ਜਾਂਦੇ ਹਨ। ਇਹ ਕਿਤਾਬਚਾ ਲੋਕਾਂ ਦੁਆਰਾ ਆਸਾਨੀ ਨਾਲ ਸਮਝਣ ਲਈ ਇੱਕ ਸਪਸ਼ਟ ਤਰੀਕੇ ਨਾਲ ਆਰਬੀਆਈ ਵਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ ਵੀ ਪ੍ਰਦਾਨ ਕਰਦਾ ਹੈ। ਹਰੇਕ ਵਿਸ਼ੇ 'ਤੇ ਦਿਸ਼ਾ-ਨਿਰਦੇਸ਼ਾਂ ਦੇ ਲਿੰਕ ਕਹਾਣੀ ਦੇ ਅੰਤ 'ਤੇ ਕੀਊਆਰ ਕੋਡਾਂ ਰਾਹੀਂ ਦਿੱਤੇ ਗਏ ਹਨ।

ਇਹ ਕਿਤਾਬਚੇ ਮਹਾਤਮਾ ਗਾਂਧੀ ਦੇ ਮਾਰਗਦਰਸ਼ਕ ਸਿਧਾਂਤਾਂ ਦੇ ਆਧਾਰ 'ਤੇ ਤਿਆਰ ਕੀਤੇ ਗਏ ਹਨ ਕਿ 'ਸਾਡੇ ਪਰਿਸਰ 'ਤੇ ਆਉਣ ਵਾਲਾ ਗਾਹਕ ਸਭ ਤੋਂ ਮਹੱਤਵਪੂਰਨ ਮਹਿਮਾਨ ਹੁੰਦਾ ਹੈ। ਉਹ ਸਾਡੇ 'ਤੇ ਨਿਰਭਰ ਨਹੀਂ ਹੈ ਬਲਕਿ ਅਸੀਂ ਉਸ 'ਤੇ ਨਿਰਭਰ ਹੁੰਦੇ ਹਾਂ। ਉਹ ਸਾਡੇ ਕੰਮ ਵਿੱਚ ਕੋਈ ਰੁਕਾਵਟ ਨਹੀਂ ਹੈ- ਉਹ ਹੀ ਇਸਦਾ ਉਦੇਸ਼ ਹੈ। ਅਸੀਂ ਉਸ ਦੀ ਸੇਵਾ ਕਰਕੇ ਕੋਈ ਉਪਕਾਰ ਨਹੀਂ ਕਰ ਰਹੇ ਹਾਂ। ਉਹ ਸਾਨੂੰ ਆਪਣੀ ਸੇਵਾ ਕਰਨ ਦਾ ਮੌਕਾ ਦੇ ਕੇ ਸਾਡੇ 'ਤੇ ਉਪਕਾਰ ਕਰ ਰਿਹਾ ਹੈ'।

ਇਹਨਾਂ ਕਿਤਾਬਚਿਆਂ ਨੂੰ ਤਿਆਰ ਕਰਨ ਵਿੱਚ ਰਿਟਾਇਰਡ ਪ੍ਰਿੰਸੀਪਲ ਚੀਫ਼ ਜਨਰਲ ਮੈਨੇਜਰ ਅਤੇ ਆਰਬੀਆਈ ਓਮਬਡਸਮੈਨ, ਡਾ. ਸੁਸ਼ਾਂਤ ਕੁਮਾਰ ਕਾਰ ਦੀ ਅਗਵਾਈ ਹੇਠ, ਰਿਜ਼ਰਵ ਬੈਂਕ ਓਮਬਡਸਮੈਨ, ਮੁੰਬਈ – II, ਮਹਾਰਾਸ਼ਟਰ ਅਤੇ ਗੋਆ ਦੀ ਟੀਮ ਦੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ ਜਾਂਦੀ ਹੈ।

ਪਾਠਕਾਂ ਨੂੰ cgmcepd@rbi.org. in 'ਤੇ ਆਪਣੇ ਫੀਡਬੈਕ/ਸੁਝਾਅ ਸਾਂਝੇ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਜਾਨਕਾਰ ਬਣੋ! ਜਾਗਰੁਕ ਰਹੋ!

ਜਾਗਰੁਕ ਰਹੋ ਕਿਤਾਬਚਾ

ਰਾਜੂ ਅਤੇ ਚਾਲੀ ਚੋਰਾਂ ਦਾ ਕਿਤਾਬਚਾ

ਵਿਸ਼ਾ-ਸੂਚੀ

ਲੜੀ ਸੰਖਿਆ	ਵਿਸ਼ੇ ਦਾ ਨਾਮ	ਪੰਨਾ ਨੰਬਰ
1	ਫਲੋਟਿੰਗ ਰੇਟ ਲੋਨ	1
2	ਹਾਊਸਿੰਗ ਲੋਨ ਲਈ ਫੋਰਕਲੋਜ਼ਰ ਚਾਰਜ	3
3	ਖੇਤਰੀ ਭਾਸ਼ਾ ਵਿੱਚ ਲੋਨ ਸਮਝੌਤੇ	5
4	ਮੁਫਤ ਕ੍ਰੈਡਿਟ ਕਾਰਡ	7
5	ਕ੍ਰੈਡਿਟ ਕਾਰਡਾਂ ਨੂੰ ਐਕਟੀਵੇਟ ਕਰਨਾ/ਬੰਦ ਕਰਨਾ	9
6	ਰਿਕਵਰੀ ਏਜੰਟ	11
7	ਕ੍ਰੈਡਿਟ ਜਾਣਕਾਰੀ ਰਿਪੋਰਟਾਂ	13
8	ਗਾਹਕਾਂ ਦੀ ਦੇਣਦਾਰੀ ਨੂੰ ਸੀਮਿਤ ਕਰਨਾ	15
9	ਗਲਤ ਲਾਭਪਾਤਰੀ ਨੂੰ ਫੰਡ ਟ੍ਰਾਂਸਫਰ (ਅਕਾਉਂਟ ਨੰਬਰ)	17
10	ਅਸਫਲ ਲੈਣ-ਦੇਣ ਲਈ ਮੁਆਵਜ਼ਾ	19
11	ਸਕਾਰਾਤਮਕ ਭੁਗਤਾਨ ਸਿਸਟਮ	21
12	UPI123 ਦਾ ਭੁਗਤਾਨ	23
13	ਬੇਸਿਕ ਸੇਵਿੰਗ ਬੈਂਕ ਡਿਪਾਜ਼ਿਟ ਅਕਾਉਂਟ	25
14	ਨਾਬਾਲਗਾਂ ਦੇ ਬੈਂਕ ਅਕਾਉਂਟ	27
15	ਬੈਂਕ ਡਿਪਾਜ਼ਿਟ ਦਾ ਬੀਮਾ	29
16	ਨਾ ਉਪਰੇਟ ਹੋਣ ਵਾਲੇ ਅਕਾਉਂਟ ਅਤੇ ਲਾਵਾਰਿਸ ਜਮ੍ਹਾ ਰਕਮ	31
17	ਡੋਰਸਟੈਪ ਬੈਂਕਿੰਗ ਸੇਵਾਵਾਂ	33
18	ਕਾਰਡਾਂ ਦਾ ਟੋਕਨਾਈਜ਼ੇਸ਼ਨ	35
19	ਕਾਰਡ ਨਿਯੰਤਰਣ ਅਤੇ ਸੀਮਾਵਾਂ	37
20	ਏਟੀਐਮ ਪਿੰਨ ਦੀ ਸਮੇਂ-ਸਮੇਂ 'ਤੇ ਤਬਦੀਲੀ	39
21	ਨਾਮਜ਼ਦਗੀ ਦੀ ਸਹੂਲਤ	41
22	ਲਾਕਰਾਂ ਦੀ ਅਲਾਟਮੈਂਟ	43
23	ਗੰਦੇ/ਖਰਾਬ ਹੋਏ ਕਰੰਸੀ ਨੋਟਾਂ ਦਾ ਵਟਾਂਦਰਾ	45
24	ਆਰਬੀਆਈ ਸੰਪਰਕ ਕੇਂਦਰ ਟੋਲ ਫ੍ਰੀ ਨੰਬਰ 14448	47
25	ਸੀਐਮਐਸ ਪੋਰਟਲ 'ਤੇ ਸ਼ਿਕਾਇਤਾਂ ਦਾਇਰ ਕਰਨਾ	49

https://cms.rbi.org.in/

ਪਾਤਰਾਂ ਦੀ ਜਾਣ-ਪਛਾਣ

ਰਾਜੂ

ਰਾਜੂ ਦੇ ਪਿਤਾ:
ਵਿਜੇ

ਰਾਜੂ ਦੀ ਮਾਂ:
ਸ਼ਾਰਦਾ

ਰਾਜੂ ਦਾ ਭਰਾ:
ਬੀਜੂ

ਰਾਜੂ ਦੀ ਭੈਣ:
ਸੰਜੂ

ਰਾਜੂ ਦੀ ਮਾਸੀ :
ਰਾਣੀ

ਰਾਜੂ ਦਾ ਚਾਚਾ :
ਅਜੇ

ਰਾਜੂ ਦੀ ਦਾਦੀ:
ਨਾਨੀ

ਰਾਜੂ ਦਾ ਦੋਸਤ:
ਕਰਨ

ਬੀਜੂ ਦਾ ਦੋਸਤ:
ਸ਼ਰਨ

https://cms.rbi.org.in/

1. ਫਲੋਟਿੰਗ ਰੇਟ ਲੋਨ

ਇੱਕ ਦਿਨ ਰਾਜੂ ਅਤੇ ਉਸਦਾ ਪਰਿਵਾਰ ਇੱਕ ਵੱਡੇ ਘਰ ਦੀ ਲੋੜ ਨੂੰ ਲੈ ਕੇ ਚਰਚਾ ਕਰ ਰਹੇ ਸਨ।

ਸ਼ਾਰਦਾ - "ਸਾਡਾ ਪਰਿਵਾਰ ਵਧ ਰਿਹਾ ਹੈ: ਕੀ ਸਾਨੂੰ ਵੱਡਾ ਘਰ ਖਰੀਦਣ ਬਾਰੇ ਨਹੀਂ ਸੋਚਣਾ ਚਾਹੀਦਾ?"

ਵਿਜੇ- "ਬਿਲਕੁਲ! ਇਹ ਮੇਰੇ ਦਿਮਾਗ ਵਿੱਚ ਹੈ, ਤੁਸੀਂ ਕੀ ਕਹਿੰਦੇ ਹੋ ਪੁੱਤਰ?"

ਬੀਜੂ- "ਜ਼ਰੂਰ ਪਾਪਾ। ਮੈਂ ਹਾਊਸਿੰਗ ਲੋਨ ਲਈ ਅਰਜ਼ੀ ਦੇਵਾਂਗਾ"

ਸੰਜੂ- "ਭਰਾ ਜੀ, ਮੈਂ ਵੀ ਸਾਡੇ ਸੁਪਨਿਆਂ ਦੇ ਘਰ ਲਈ ਯੋਗਦਾਨ ਪਾਵਾਂਗੀ। ਹਾਊਸਿੰਗ ਲੋਨ ਲਈ ਵਿਆਜ ਦੀ ਮੌਜੂਦਾ ਦਰ ਕੀ ਹੈ?"

ਬੀਜੂ- "ਇਸ ਵੇਲੇ, ਇਹ x% ਹੈ। ਇਹ ਭਵਿੱਖ ਵਿੱਚ ਉੱਪਰ ਜਾਂ ਹੇਠਾਂ ਜਾ ਸਕਦਾ ਹੈ ਕਿਉਂਕਿ ਇਹ ਫਲੋਟਿੰਗ ਵਿਆਜ ਦਰ ਹੈ। "

ਸੰਜੂ-"ਇਹ ਕਿੱਥੇ ਤੈਰੇਗਾ?" (ਆਪਣੇ ਭਰਾ ਨੂੰ ਛੇੜਦੇ ਹੋਏ)

ਬੀਜੂ- "ਫਲੋਟਿੰਗ ਵਿਆਜ ਦਰ ਲੋਨ ਉਹ ਹੁੰਦੇ ਹਨ ਜਿਨ੍ਹਾਂ ਵਿੱਚ ਉਦੋਂ ਜਾਂ ਤਾਂ ਈਐਮਆਈ ਜਾਂ ਕਰਜ਼ੇ ਦੀ ਮਿਆਦ ਬਦਲ ਜਾਂਦੀ ਹੈ, ਜਦੋਂ ਵੀ ਮਾਰਕੀਟ ਦਰਾਂ ਵਿੱਚ ਤਬਦੀਲੀ ਹੁੰਦੀ ਹੈ। ਇਹ ਜਾਂ ਤਾਂ ਵਧ ਸਕਦਾ ਹੈ ਜਾਂ ਘਟ ਸਕਦਾ ਹੈ।

ਸੰਜੂ- "ਠੀਕ ਹੈ। ਪਰ ਮਾਰਕੀਟ ਰੇਟ ਕਿਵੇਂ ਅਤੇ ਕਦੋਂ ਵਧਣਗੇ?"

ਵਿਜੇ- "ਸਾਡਾ ਬੇਟਾ (ਰਾਜੂ) ਸਿਰਫ਼ ਇਹੀ ਕਹੇਗਾ ਕਿ ਆਰਬੀਆਈ ਨੇ ਦਰਾਂ ਵਧਾ ਦਿੱਤੀਆਂ ਹਨ ਅਤੇ ਇਸ ਤਰ੍ਹਾਂ ਹੋਮ ਲੋਨ ਵੀ। ਪਰ ਇਹ ਪੂਰੀ ਤਰ੍ਹਾਂ ਸੱਚ ਨਹੀਂ ਹੈ।"

ਸੰਜੂ- "ਓਏ ਸੱਚੀ! ਫਿਰ ਵਿਆਜ ਦਰਾਂ 'ਤੇ ਕੀ ਅਸਰ ਪੈਂਦਾ ਹੈ'

ਵਿਜੇ- "ਬੈਂਕ ਫੰਡਾਂ ਦੀ ਲਾਗਤ, ਲੋਨ ਦੀ ਕਿਸਮ ਅਤੇ ਮਿਆਦ, ਓਪਰੇਟ ਕਰਨ ਦੀਆਂ ਲਾਗਤਾਂ ਆਦਿ ਵਰਗੇ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖ ਕੇ ਦਰਾਂ ਨਿਰਧਾਰਤ ਕਰਦਾ ਹੈ। ਇਹੀ ਕਾਰਨ ਹੈ ਕਿ ਸਮੇਂ-ਸਮੇਂ 'ਤੇ ਦਰਾਂ ਬਦਲਦੀਆਂ ਰਹਿੰਦੀਆਂ ਹਨ।"

ਸੰਜੂ-"ਠੀਕ ਹੈ! ਕੀ ਬੈਂਕ ਉਦੋਂ ਕਰਜ਼ਦਾਰ ਨੂੰ ਸੂਚਿਤ ਕਰਦਾ ਹੈ ਜਦੋਂ ਵੀ ਉਹ ਵਿਆਜ ਦਰ ਬਦਲਦਾ ਹੈ?"

ਸ਼ਾਰਦਾ- "ਬਿਲਕੁਲ, ਹਾਂ! ਬੈਂਕ ਸਮੇਂ-ਸਮੇਂ 'ਤੇ ਆਪਣੀਆਂ ਵੈੱਬਸਾਈਟਾਂ 'ਤੇ ਵਿਆਜ ਦਰਾਂ ਨੂੰ ਅਪਡੇਟ ਵੀ ਕਰਦੇ ਰਹਿੰਦੇ ਹਨ, ਅਤੇ ਇਸ ਲਈ ਇਹ ਹਮੇਸ਼ਾ ਨਵੀਨਤਮ ਵਿਆਜ ਦਰਾਂ ਅਤੇ ਲੋਨ ਅਕਾਉਂਟ ਸਟੇਟਮੈਂਟਾਂ ਨੂੰ ਨਿਯਮਿਤ ਤੌਰ 'ਤੇ ਚੈੱਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਰਾਜੂ-"ਬਹੁਤ ਵਧੀਆ!
ਹੁਣ ਮੈਨੂੰ ਅਹਿਸਾਸ ਹੋਇਆ ਕਿ ਲੋਕ ਸਾਨੂੰ ਅਲਰਟ ਪਰਿਵਾਰ/ਜਾਗਰੂਕ ਪਰਿਵਾਰ ਕਿਉਂ ਕਹਿੰਦੇ ਹਨ!!"

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

2. ਹਾਊਸਿੰਗ ਲੋਨ ਲਈ ਫੋਰਕਲੋਜ਼ਰ ਬਦਲਾਅ

ਨੌਕਰੀ ਦਾ ਇੱਕ ਸਾਲ ਪੂਰਾ ਕਰਨ 'ਤੇ, ਰਾਜੂ ਨੂੰ ਉਸਦੀ ਕੰਪਨੀ ਤੋਂ ਸਾਲਾਨਾ ਬੋਨਸ ਮਿਲਦਾ ਹੈ।

ਰਾਜੂ-"ਪਾਪਾ, ਮੈਂ ਪੈਸਿਆਂ ਨਾਲ ਹਾਊਸਿੰਗ ਲੋਨ ਮੋੜਨ ਬਾਰੇ ਸੋਚ ਰਿਹਾ ਸੀ।"



ਰਾਜੂ ਅਤੇ ਵਿਜੇ ਨੇ ਬੈਂਕ ਸ਼ਾਖਾ ਦਾ ਦੌਰਾ ਕੀਤਾ ਅਤੇ ਬਿਨਾਂ ਕਿਸੇ ਵਾਧੂ ਚਾਰਜ/ਜ਼ੁਰਮਾਨੇ ਦੇ ਹਾਊਸਿੰਗ ਲੋਨ ਨੂੰ ਬੰਦ ਕਰ ਦਿੱਤਾ।

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

3. ਖੇਤਰੀ ਭਾਸ਼ਾ ਵਿੱਚ ਲੋਨ ਸਮਝੌਤੇ

ਇੱਕ ਦਿਨ ਸ਼ਾਰਦਾ ਦੀ ਨੌਕਰਾਣੀ ਨੇ ਅੰਗਰੇਜ਼ੀ ਵਿੱਚ ਲਿਖੇ ਇੱਕ ਦਸਤਾਵੇਜ਼ ਦਾ ਅਨੁਵਾਦ ਕਰਨ ਵਿੱਚ ਸ਼ਾਰਦਾ ਦੀ ਮਦਦ ਮੰਗੀ

ਸ਼ਾਰਦਾ- "ਇਹ ਕਿਸੇ ਕੰਪਨੀ ਦੇ ਕਰਜ਼ੇ ਦੇ ਸਮਝੌਤੇ ਵਾਂਗ ਜਾਪਦਾ ਹੈ।"

ਨੌਕਰਾਣੀ- "ਹਾਂ ਦੀਦੀ। ਇਹ ਉਸ ਕਰਜ਼ੇ ਲਈ ਇੱਕ ਸਮਝੌਤਾ ਹੈ ਜੋ ਮੈਂ XYZ ਐਨਬੀਐਫਸੀ ਤੋਂ ਲੈ ਰਹੀ ਹਾਂ। ਕੰਪਨੀ ਦੇ ਲੋਕ ਜ਼ੋਰ ਦੇ ਰਹੇ ਹਨ ਕਿ ਮੈਨੂੰ ਦਸਤਾਵੇਜ਼ 'ਤੇ ਦਸਤਖਤ ਕਰਨੇ ਚਾਹੀਦੇ ਹਨ ਪਰ ਮੈਂ ਇਸਨੂੰ ਸਮਝ ਨਹੀਂ ਪਾ ਰਹੀ।ਕੀ ਤੁਸੀਂ ਕਿਰਪਾ ਕਰਕੇ ਮੇਰੇ ਲਈ ਇਸਦਾ ਅਨੁਵਾਦ ਕਰ ਸਕਦੇ ਹੋ?"

ਸ਼ਾਰਦਾ- "ਬੇਸ਼ੱਕ ਪਰ ਤੈਨੂੰ ਉਨ੍ਹਾਂ ਨੂੰ ਆਪਣੀ ਸਮਝ ਵਾਲੀ ਭਾਸ਼ਾ ਵਿੱਚ ਦੇਣ ਲਈ ਕਹਿਣਾ ਚਾਹੀਦਾ ਹੈ।"

ਨੌਕਰਾਣੀ- "ਮੈਨੂੰ ਨਹੀਂ ਲੱਗਦਾ ਕਿ ਐਨਬੀਐਫਸੀ ਅਜਿਹਾ ਕਰੇਗਾ।"



ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ ***https://rbi.org.in/*** 'ਤੇ ਜਾਓ।

4. ਮੁਫ਼ਤ ਕ੍ਰੈਡਿਟ ਕਾਰਡ

ਇੱਕ ਦਿਨ, ਰਾਜੂ ਆਪਣੇ ਇੱਕ ਸਾਥੀ, ਕਰਨ ਨੂੰ ਮਿਲਿਆ, ਜੋ ਬਹੁਤ ਖੁਸ਼ ਨਜ਼ਰ ਆ ਰਿਹਾ ਸੀ

ਰਾਜੂ-"ਓਏ!! ਤੂੰ ਬਹੁਤ ਖੁਸ਼ ਲੱਗ ਰਿਹਾ ਹੈਂ !! ਕੀ ਗੱਲ ਹੈ ਯਾਰ?"

ਕਰਨ- “ਮੈਨੂੰ ਅੱਜ ਮੇਰੀ ਤਨਖ਼ਾਹ ਮਿਲੀ ਹੈ ਅਤੇ XYZ ਬੈਂਕ ਤੋਂ ਬਿਨਾ ਕਿਸੇ ਚਾਰਜ ਅਤੇ ਅਸੀਮਤ ਇਨਾਮ ਪੁਆਇੰਟਾਂ ਦੇ ਨਾਲ ਜੀਵਨ ਭਰ ਮੁਫ਼ਤ ਕ੍ਰੈਡਿਟ ਕਾਰਡ ਦੀ ਪੇਸ਼ਕਸ਼ ਵੀ ਹੈ।”

(ਕਰਨ ਇਸ ਮੋਬਾਈਲ 'ਤੇ ਮੈਸੇਜ ਦਿਖਾਉਂਦਾ ਹੈ)



ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ https://rbi.org.in/ 'ਤੇ ਜਾਓ।

5. ਕ੍ਰੈਡਿਟ ਕਾਰਡਾਂ ਨੂੰ ਦਾ ਐਕਟੀਵੇਸ਼ਨ / ਬੰਦ ਕਰਨਾ

ਸ਼ਰਨ ਨੇ XYZ ਬੈਂਕ ਦੇ ਕ੍ਰੈਡਿਟ ਕਾਰਡ ਲਈ ਅਰਜ਼ੀ ਦਿੱਤੀ ਹੈ। ਇੱਕ ਮਹੀਨਾ ਹੋ ਗਿਆ ਹੈ ਅਤੇ ਕਾਰਡ ਡਿਲੀਵਰ ਨਹੀਂ ਹੋਇਆ ਸੀ ਪਰ ਉਸ ਨੂੰ ਬਕਾਇਆ ਦੇ ਨਾਲ ਸਟੇਟਮੈਂਟ ਮਿਲ ਗਈ ਸੀ। ਇਸ ਲਈ, ਉਹ ਆਪਣੇ ਦੋਸਤ ਬੀਜੂ ਤੋਂ ਸੇਧ ਲੈਂਦਾ ਹੈ।





ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ https://rbi.org.in/ 'ਤੇ ਜਾਓ।

6. ਰਿਕਵਰੀ ਏਜੰਟ

ਰਾਜੂ ਆਪਣੇ ਦੋਸਤ ਨੂੰ ਮਿਲਣ ਜਾਂਦਾ ਹੈ।

https://cms.rbi.org.in/

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ https://rbi.org.in/ 'ਤੇ ਜਾਓ।

7. ਕ੍ਰੈਡਿਟ ਜਾਣਕਾਰੀ ਰਿਪੋਰਟਾਂ

ਬੀਜੂ ਏਬੀਸੀ ਬੈਂਕ ਦਾ ਕਰਮਚਾਰੀ ਹੈ। ਉਸਦਾ ਦੋਸਤ, ਸ਼ਰਨ ਆਪਣੀ ਨਿੱਜੀ ਲੋਨ ਅਰਜ਼ੀ ਦੀ ਸਥਿਤੀ ਬਾਰੇ ਪੁੱਛਣ ਲਈ ਬੈਂਕ ਦਾ ਦੌਰਾ ਕਰਦਾ ਹੈ।



ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

8. ਗਾਹਕਾਂ ਦੀ ਦੇਣਦਾਰੀ ਨੂੰ ਸੀਮਿਤ ਕਰਨਾ

ਕਰਨ ਸੜਕ 'ਤੇ ਚਲਦਾ ਪਰੇਸ਼ਾਨ ਦਿਖਾਈ ਦੇ ਰਿਹਾ ਸੀ। ਉਹ ਰਾਜੂ ਵੱਲ ਧਿਆਨ ਦਿੱਤੇ ਬਿਨਾਂ ਲੰਘ ਜਾਂਦਾ ਹੈ। ਰਾਜੂ ਉਲਝਣ ਵਿੱਚ ਪੈ ਜਾਂਦਾ ਹੈ ਅਤੇ ਕਰਨ ਕੋਲ ਪਹੁੰਚਦਾ ਹੈ।

ਰਾਜੂ- "ਕੀ ਹੋਇਆ ਕਰਨ? ਤੂੰ ਇੰਨੇ ਤਣਾਅ ਵਿੱਚ ਕਿਉਂ ਹੈਂ?"

ਕਰਨ- "ਰਾਜੂ ਮੇਰੇ ਕਾਰਡ ਤੋਂ ₹60,000/- ਡੈਬਿਟ ਹੋ ਗਿਆ ਹੈ। ਨਾ ਤਾਂ ਮੈਂ ਇਹ ਲੈਣ-ਦੇਣ ਕੀਤਾ ਹੈ ਅਤੇ ਨਾ ਹੀ ਮੈਂ ਆਪਣੇ ਕਾਰਡ ਦੇ ਵੇਰਵੇ ਕਿਸੇ ਨਾਲ ਸਾਂਝੇ ਕੀਤੇ ਹਨ। ਮੈਨੂੰ ਹੁਣੇ ਇਹ SMS ਮਿਲਿਆ ਹੈ। ਮੈਨੂੰ ਪਤਾ ਨਹੀਂ ਕਿ ਹੁਣ ਕੀ ਕਰਨਾ ਚਾਹੀਦਾ ਹੈ।"

ਰਾਜੂ- "ਕਰਨ ਫਿਕਰ ਨਾ ਕਰ। ਜੇਕਰ ਤੇਰੀ ਗਲਤੀ ਨਹੀਂ ਹੈ ਅਤੇ ਤੁਸੀਂ ਆਪਣੇ ਭੁਗਤਾਨ ਪ੍ਰਮਾਣ ਪੱਤਰਾਂ ਨੂੰ ਸਾਂਝਾ ਨਹੀਂ ਕੀਤਾ ਹੈ, ਤਾਂ ਤੈਨੂੰ ਕੋਈ ਨੁਕਸਾਨ ਨਹੀਂ ਝੱਲਣਾ ਪਵੇਗਾ।"

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ ***https://rbi.org.in/*** 'ਤੇ ਜਾਓ।

9. ਗਲਤ ਲਾਭਪਾਤਰੀ ਨੂੰ ਫੰਡ ਟ੍ਰਾਂਸਫਰ (ਅਕਾਉਂਟ ਨੰਬਰ)

ਬੀਜੂ ਪੇਸ਼ੇ ਤੋਂ ਬੈਂਕਰ ਹੈ। ਉਹ ਆਪਣੇ ਦੋਸਤ ਸ਼ਰੁਨ ਦੇ ਵਿਆਹ ਦੇ ਰਿਸੈਪਸ਼ਨ ਵਿੱਚ ਸ਼ਾਮਲ ਹੁੰਦਾ ਹੈ, ਜੋ ਤਿਆਰ ਹੋਣ ਵਿੱਚ ਬਹੁਤ ਵਿਅਸਤ ਹੈ।

ਸ਼ਰਨ- "ਬੀਜੂ, ਕੀ ਤੁਸੀਂ ਈਵੈਂਟ ਮੈਨੇਜਰ ਦੁਆਰਾ ਕੀਤੇ ਪ੍ਰਬੰਧਾਂ ਲਈ ₹89,000/- ਦਾ ਔਨਲਾਈਨ ਟ੍ਰਾਂਸਫਰ ਕਰਨ ਵਿੱਚ ਮੇਰੀ ਮਦਦ ਕਰ ਸਕਦੇ ਹੋ?

(ਸ਼ਰਨ ਕਾਗਜ਼ ਦਾ ਇੱਕ ਟੁਕੜਾ ਦਿੰਦਾ ਹੈ ਜਿੱਥੇ ਅਕਾਉਂਟ ਦੇ ਵੇਰਵੇ ਲਿਖੇ ਹੋਏ ਸਨ)

ਬੀਜੂ- "ਬੇਸ਼ੱਕ, ਮੈਂ ਕਰ ਸਕਦਾ ਹਾਂ। ਪਰ ਅਕਾਉਂਟ ਨੰਬਰ ਸਪੱਸ਼ਟ ਨਹੀਂ ਹੈ। ਮੈਂ ਆਖਰੀ ਅੰਕ ਦੀ ਪੁਸ਼ਟੀ ਕਰਨ ਵਿੱਚ ਅਸਮਰੱਥ ਹਾਂ ਕਿ ਇਹ 5 ਹੈ ਜਾਂ 4!!"

ਸ਼ਰਨ-"ਠੀਕ ਐ!! xxxxxxx4 ਨੂੰ ਭੇਜੋ। ਬੈਂਕ ਵਾਲੇ ਅਕਾਉਂਟ ਦੇ ਨਾਮ ਅਤੇ ਨੰਬਰਾਂ ਦਾ ਮੇਲ ਕਰਦੇ ਹਨ ਅਤੇ ਉਸ ਅਨੁਸਾਰ ਇਸ ਨੂੰ ਟ੍ਰਾਂਸਫਰ ਕਰਦੇ ਹਨ। ਇਸ ਤੋਂ ਇਲਾਵਾ, ਤੁਸੀਂ ਸਾਡੀਆਂ ਬੈਂਕਿੰਗ ਸਮੱਸਿਆਵਾਂ, ਜੇਕਰ ਕੋਈ ਹੋਵੇ, ਨੂੰ ਹੱਲ ਕਰਨ ਵਿੱਚ ਸਾਡੀ ਮਦਦ ਕਰਨ ਲਈ ਹਮੇਸ਼ਾ ਮੌਜੂਦ ਹੋ।"

ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

10. ਅਸਫਲ ਟ੍ਰਾਂਜੈਕਸ਼ਨਾਂ ਲਈ ਮੁਆਵਜ਼ਾ

ਇੱਕ ਕਰਮਚਾਰੀ ਬੈਂਕ ਤੋਂ ਖੁਸ਼ ਨਜ਼ਰ ਆ ਰਿਹਾ ਸੀ। ਵਿਜੇ ਲੰਘ ਗਿਆ।

ਕਰਮਚਾਰੀ - "ਮੁਆਵਜ਼ਾ?"

ਵਿਜੇ- "ਹਾਂ! ਆਰਬੀਆਈ ਨੇ ਸਾਰੇ ਬੈਂਕਾਂ ਨੂੰ ਵੱਧ ਤੋਂ ਵੱਧ (ਲੈਣ-ਦੇਣ ਮਿਤੀ) + 5 ਦਿਨਾਂ ਦੇ ਅੰਦਰ ਇੱਕ ਅਸਫਲ ATM ਟ੍ਰਾਂਜੈਕਸ਼ਨ ਦੌਰਾਨ ਡੈਬਿਟ ਕੀਤੀ ਰਕਮ ਨੂੰ ਵਾਪਸ ਕਰਨ ਦਾ ਨਿਰਦੇਸ਼ ਦਿੱਤਾ ਹੈ। ਜੇਕਰ ਬੈਂਕ ਅਜਿਹਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਬੈਂਕ ਦੁਆਰਾ ₹100/- ਪ੍ਰਤੀ ਦਿਨ ਦਾ ਮੁਆਵਜ਼ਾ ਅਦਾ ਕੀਤਾ ਜਾਣਾ ਚਾਹੀਦਾ ਹੈ। ਤੁਹਾਡੇ ਕੇਸ ਵਿੱਚ, ਇਹ ਲਗਭਗ 2 ਮਹੀਨੇ ਹੈ। "

ਕਰਮਚਾਰੀ- "ਸੱਚਮੁੱਚ! ਮੈਂ ਤੁਰੰਤ ਆਪਣੇ ਬੈਂਕ ਕੋਲ ਸ਼ਿਕਾਇਤ ਦਰਜ ਕਰਾਂਗਾ ਅਤੇ ਮੁਆਵਜ਼ੇ ਦੀ ਮੰਗ ਕਰਾਂਗਾ।"

ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ **https://rbi.org.in/** 'ਤੇ ਜਾਓ।

11. ਸਕਾਰਾਤਮਕ ਭੁਗਤਾਨ ਪ੍ਰਣਾਲੀ

ਸੰਜੂ ਨੇ ਕਾਲਜ ਵਿਚ ਦਾਖਲਾ ਲਿਆ ਅਤੇ ਉਸ ਨੂੰ ਕਾਲਜ ਦੀ ਫੀਸ ਅਦਾ ਕਰਨੀ ਪਈ। ਇਸ ਲਈ, ਉਹ ਆਪਣੀ ਮਾਂ ਸ਼ਾਰਦਾ ਕੋਲ ਜਾਂਦੀ ਹੈ।

ਸੰਜੂ- "ਮੰਮੀ, ਕਿਰਪਾ ਕਰਕੇ ਮੇਰੀ ਫੀਸ ਲਈ ਕਾਲਜ ਦੇ ਨਾਮ 'ਤੇ 6,00,000/- ਦਾ ਚੈੱਕ ਦੇ ਦਿਓ। "

(ਸ਼ਾਰਦਾ ਹਸਤਾਖਰ ਕਰਦੀ ਹੈ ਅਤੇ ਚੈੱਕ ਦਿੰਦੀ ਹੈ।)

ਸ਼ਾਰਦਾ- "ਇਸਨੂੰ ਸੁਰੱਖਿਅਤ ਰੱਖੀਂ ਕਿਉਂ ਕਿ ਜੇਕਰ ਚੈੱਕ ਗੁਆਚ ਜਾਂਦਾ ਹੈ ਤਾਂ ਲੋਕ ਵੇਰਵਿਆਂ ਨੂੰ ਬਦਲ ਸਕਦੇ ਹਨ ਅਤੇ ਉਸਦੀ ਦੁਰਵਰਤੋਂ ਕਰ ਸਕਦੇ ਹਨ।"

ਸੰਜੂ- "ਮੰਮੀ ਫਿਕਰ ਨਾ ਕਰੋ। ਆਰਬੀਆਈ ਨੇ ਚੈੱਕਾਂ ਦੀ ਸੁਰੱਖਿਆ ਲਈ ਇੱਕ ਸਕਾਰਾਤਮਕ ਭੁਗਤਾਨ ਪ੍ਰਣਾਲੀ ਚਲਾਈ ਹੈ।

ਸ਼ਾਰਦਾ-"ਉਹ ਕੀ ਹੈ?"

ਸੰਜੂ- "ਸਕਾਰਾਤਮਕ ਭੁਗਤਾਨ ਪ੍ਰਣਾਲੀ ਵਿੱਚ, ਮੁੱਖ ਵੇਰਵਿਆਂ ਦੀ ਚੈੱਕ ਜਾਰੀਕਰਤਾ ਦੁਆਰਾ ਦੁਬਾਰਾ ਪੁਸ਼ਟੀ ਕੀਤੀ ਜਾਣਾ ਹੁੰਦੀ ਹੈ।"

ਸ਼ਾਰਦਾ- "ਪਰ ਕੋਈ ਬੈਂਕ ਨੂੰ ਵੇਰਵੇ ਕਿਵੇਂ ਦੇ ਸਕਦਾ ਹੈ? "

ਸੰਜੂ- "ਤੁਸੀਂ ਘੱਟੋ ਤੋਂ ਘੱਟ ਪਰ ਮਹੱਤਵਪੂਰਨ ਵੇਰਵੇ SMS, ਮੋਬਾਈਲ ਐਪ, ਇੰਟਰਨੈਟ ਬੈਂਕਿੰਗ, ATM, ਆਦਿ ਰਾਹੀਂ ਭੇਜ ਸਕਦੇ ਹੋ।"

ਸ਼ਾਰਦਾ-"ਓਹ, ਇਹ ਵਧੀਆ ਹੈ, ਪਰ ਕੀ ਇਹ ਸਾਰੇ ਚੈੱਕਾਂ 'ਤੇ ਲਾਗੂ ਹੁੰਦਾ ਹੈ?"

ਸੰਜੂ- "ਨਹੀਂ, ਬੈਂਕ ਨੂੰ ਲਾਜ਼ਮੀ ਤੌਰ 'ਤੇ ₹50,000/- ਤੋਂ ਵੱਧ ਦੇ ਚੈੱਕਾਂ ਲਈ ਖਾਤਾ ਧਾਰਕਾਂ ਲਈ ਸਹੂਲਤ ਨੂੰ ਲਾਜ਼ਮੀ ਤੌਰ 'ਤੇ ਚਾਲੂ ਕਰਨਾ ਪੈਂਦਾ ਹੈ, ਹਾਲਾਂਕਿ, ਖਾਤਾ ਧਾਰਕਾਂ ਲਈ, ਬੈਂਕ ਦੁਆਰਾ ਨਿਰਧਾਰਤ ਕੀਤੇ ਅਨੁਸਾਰ, ਇੱਕ ਨਿਸ਼ਚਤ ਥ੍ਰੈਸ਼ਹੋਲਡ ਤੋਂ ਵੱਧ ਦੀ ਰਕਮ ਦੇ ਚੈੱਕਾਂ ਲਈ ਇਹ ਸਹੂਲਤ ਲਾਜ਼ਮੀ ਹੈ। ਕਿਰਪਾ ਕਰਕੇ ਥ੍ਰੈਸ਼ਹੋਲਡ ਦਾ ਪਤਾ ਲਗਾਉਣ ਲਈ ਆਪਣੇ ਬੈਂਕ ਨਾਲ ਸੰਪਰਕ ਕਰੋ"

ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ **https://rbi.org.in/** 'ਤੇ ਜਾਓ।

12. ਯੂਪੀਆਈ123ਪੇ

ਇੱਕ ਦਿਨ ਸ਼ਾਰਦਾ ਅਖਬਾਰ ਪੜ੍ਹ ਰਹੀ ਸੀ ।
ਇੱਕ ਸੁਰਖੀ ਪੜ੍ਹ ਕੇ ਉਹ ਹੈਰਾਨ ਰਹਿ ਗਈ

"ਰਿਜ਼ਰਵ ਬੈਂਕ ਆਫ ਇੰਡੀਆ(ਆਰਬੀਆਈ) ਨੇ ਯੂਪੀਆਈ123ਪੇ ਨਾਮਕ ਫੀਚਰ ਫੋਨਾਂ ਲਈ ਯੂਨੀਫਾਈਡ ਪੇਮੈਂਟ ਇੰਟਰਫੇਸ (ਯੂਪੀਆਈ) ਸੇਵਾ ਸ਼ੁਰੂ ਕੀਤੀ ਹੈ"

ਸ਼ਾਰਦਾ- "ਹੇ ਸੰਜੂ! ਕੀ ਤੁਸੀਂ UPI 123PAY ਬਾਰੇ ਸੁਣਿਆ ਹੈ?"

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

13. ਬੇਸਿਕ ਸੇਵਿੰਗ ਬੈਂਕ ਡਿਪਾਜ਼ਿਟ ਅਕਾਊਂਟ

ਵਿਜੇ ਆਪਣੇ ਘਰ ਦਾ ਕੁਝ ਕੰਮ ਕਰਵਾਉਣ ਦਾ ਫੈਸਲਾ ਕਰਦਾ ਹੈ ਅਤੇ ਕਰਮਚਾਰੀਆਂ ਨੂੰ ਕੰਮ'ਤੇ ਰੱਖਦਾ ਹੈ।

ਕਰਮਚਾਰੀ-"ਹੈਲੋ ਸਰ, ਸਾਡੇ ਠੇਕੇਦਾਰ ਨੇ ਸਾਨੂੰ ਇੱਥੇ ਭੇਜਿਆ ਹੈ। ਅਸੀਂ ਅੱਜ ਹੀ ਕੰਧ ਦੀ ਉਸਾਰੀ ਅਤੇ ਪੇਂਟਿੰਗ ਨੂੰ ਪੂਰਾ ਕਰ ਲਵਾਂਗੇ।

ਵਿਜੇ - "ਠੀਕ ਹੈ ਪਰ ਤੁਸੀਂ ਲੇਟ ਕਿਉਂ ਹੋ? ਠੇਕੇਦਾਰ ਨੇ ਤੁਹਾਡੇ ਸਵੇਰੇ 8 ਵਜੇ ਪਹੁੰਚਣ ਦਾ ਵਾਅਦਾ ਕੀਤਾ ਸੀ ਅਤੇ ਹੁਣ 11 ਵਜੇ ਹਨ।

ਕਰਮਚਾਰੀ -"ਮਾਫ ਕਰਨਾ ਸਰ, ਅਸੀਂ ਇੱਕ ਪਿੰਡ ਵਿੱਚ ਰਹਿੰਦੇ ਹਾਂ ਜੋ 3 ਘੰਟੇ ਦੀ ਦੂਰੀ 'ਤੇ ਹੈ ਅਤੇ ਅੱਜ ਸਾਡੀ ਬੱਸ ਲੇਟ ਹੋ ਗਈ।

ਵਿਜੇ- "ਕੋਈ ਗੱਲ ਨਹੀਂ। ਮੈਨੂੰ ਤੁਹਾਨੂੰ 10,000/- ਰੁਪਏ ਦੇਣ ਲਈ ਕਿਹਾ ਗਿਆ ਸੀ। ਕਿਰਪਾ ਕਰਕੇ ਆਪਣੇ ਬੈਂਕ ਅਕਾਊਂਟ ਦੇ ਵੇਰਵੇ ਸਾਂਝੇ ਕਰੋ।"



ਕਰਮਚਾਰੀ - "ਸਰ, ਕੀ ਤੁਸੀਂ ਨਕਦ ਭੁਗਤਾਨ ਕਰ ਸਕਦੇ ਹੋ?"

ਵਿਜੇ-"ਤੇਰਾ ਬੈਂਕ ਅਕਾਊਂਟ ਨਹੀਂ ਹੈ?"

ਕਰਮਚਾਰੀ -"ਅਸੀਂ ਇੰਨੇ ਪੜ੍ਹੇ-ਲਿਖੇ ਨਹੀਂ ਹਾਂ ਕਿ ਇੱਕ ਬੈਂਕ ਅਕਾਊਂਟ ਹੋਵੇ।"



ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ https://rbi.org.in/ 'ਤੇ ਜਾਓ।

14. ਨਾਬਾਲਗਾਂ ਦੇ ਬੈਂਕ ਅਕਾਉਂਟ

ਇੱਕ ਦਿਨ, ਛੋਟੂ, ਇੱਕ 10 ਸਾਲ ਦਾ ਮੁੰਡਾ ਆਪਣੇ ਪਿਤਾ (ਇੱਕ ਦੁੱਧ ਵਾਲੇ) ਨਾਲ ਵਿਜੇ ਦੇ ਘਰ ਗਿਆ।

ਵਿਜੇ-“ਹੈਲੋ ਛੋਟੂ! ਤੁਸੀ ਕਿਵੇਂ ਹੋ?"

ਛੋਟੂ-"ਮੈਂ ਅੱਛਾ ਹਾਂ ਅੰਕਲ ਧੰਨਵਾਦ।"

ਵਿਜੇ ਦੁੱਧ ਵਾਲੇ ਨੂੰ - "ਕੀ ਤੁਸੀਂ ਛੋਟੂ ਦਾ ਬੈਂਕ ਅਕਾਉਂਟ ਖੋਲ੍ਹਿਆ ਹੈ ਤਾਂ ਕਿ ਉਹ ਆਪਣੀ ਬੱਚਤ ਰੱਖ ਸਕੇ?"

ਦੁੱਧ ਵਾਲਾ(ਮੁਸਕੁਰਾ ਕੇ)- "ਉਸ ਕੋਲ ਅਜੇ ਕੋਈ ਬੱਚਤ ਨਹੀਂ ਹੈ।"

ਵਿਜੇ-"ਪਰ ਤੁਹਾਨੂੰ ਉਸਨੂੰ ਬਚਤ ਦੀ ਆਦਤ ਸਿਖਾਉਣੀ ਪਵੇਗੀ।"

ਦੁੱਧ ਵਾਲਾ-"ਪਰ ਉਹ ਤਾਂ ਦਸ ਸਾਲ ਦਾ ਹੈ।"

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ **https://rbi.org.in/** 'ਤੇ ਜਾਓ।

15. ਬੈਂਕ ਡਿਪਾਜ਼ਿਟ ਦਾ ਬੀਮਾ

ਸ਼ਾਰਦਾ ਹਾਲ ਹੀ ਵਿੱਚ ਨੌਕਰੀ ਤੋਂ ਸੇਵਾਮੁਕਤ ਹੋਈ ਹੈ ਅਤੇ ਪੈਨਸ਼ਨ ਫੰਡ ਏਬੀਸੀ ਬੈਂਕ ਵਿੱਚ ਪਾਰਕ ਕਰਨ ਦੀ ਯੋਜਨਾ ਬਣਾ ਰਹੀ ਹੈ। ਉਹ ਆਪਣੀ ਸਹੇਲੀ ਡੌਲੀ ਨੂੰ ਮਿਲੀ ਅਤੇ ਉਹ ਇਸ ਮਾਮਲੇ ਬਾਰੇ ਗੱਲ ਕਰਨ ਲੱਗੀਆਂ।

ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ **https://rbi.org.in/** 'ਤੇ ਜਾਓ।

16. ਇਨ-ਆਪਰੇਟਿਵ ਅਕਾਉਂਟ ਅਤੇ ਲਾਵਾਰਿਸ ਜਮ੍ਹਾ

ਇੱਕ ਐਤਵਾਰ ਦੇ ਦਿਨ, ਜਦੋਂ ਰਾਜੂ ਆਪਣੇ ਕਮਰੇ ਦੀ ਸਫ਼ਾਈ ਕਰ ਰਿਹਾ ਸੀ, ਉਸਨੂੰ ਧੁੰਧਲੀ ਹੋ ਚੁੱਕੀ ਮਿਤੀ18 ਅਕਤੂਬਰ, 2010 ਦੀ FD ਰਸੀਦ ਮਿਲੀ ਜਿਸ ਦੀ ਮਿਆਦ ਪੂਰੀ ਹੋਣ ਦੀ ਮਿਤੀ ਅਤੇ ਰਕਮ ₹ 55,000/- ਸੀ।

ਰਾਜੁ-"ਮੈਂ ਖੁਸ਼ ਕਿਵੇਂ ਹੋ ਸਕਦਾ ਹਾਂ?
ਬੈਂਕ ਦਾ ਨਾਮ ਪੜ੍ਹਿਆ ਨਹੀਂ ਜਾ ਰਿਹਾ ਹੈ।"

ਸ਼ਾਰਦਾ- "ਫਿਕਰ ਨਾ ਕਰ ਰਾਜੂ, ਤੇਰਾ ਪੈਸਾ
ਕਿਤੇ ਨਹੀਂ ਗਿਆ।
ਇਹ ਅਜੇ ਵੀ ਤੇਰੇ ਕੋਲ ਹੀ ਹੈ। "

ਰਾਜੁ-"ਕਿਵੇਂ ਮਾਂ?"

ਸ਼ਾਰਦਾ-"ਜੇਕਰ ਜਮ੍ਹਾਂ ਰਕਮ ਦਸ ਸਾਲਾਂ ਤੋਂ ਵੱਧ ਸਮੇਂ ਲਈ
ਲਾਵਾਰਿਸ ਰਹਿੰਦੀ ਹੈ, ਤਾਂ ਇਸ ਨੂੰ ਬੈਂਕ ਦੁਆਰਾ
ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੁਆਰਾ
ਰੱਖੇ ਜਮ੍ਹਾਕਰਤਾ ਸਿੱਖਿਆ ਅਤੇ ਜਾਗਰੂਕਤਾ
ਫੰਡ (ਫੰਡ) ਵਿੱਚ ਟ੍ਰਾਂਸਫਰ ਕਰ ਦਿੱਤਾ ਜਾਂਦਾ ਹੈ।"

ਰਾਜੁ-"ਪਰ ਮੈਨੂੰ ਬੈਂਕ ਦਾ ਨਾਂ
ਨਹੀਂ ਪਤਾ!"

ਸ਼ਾਰਦਾ-"ਫ਼ਿਕਰ ਨਾ ਕਰ! ਆਰਬੀਆਈ
ਨੇ ਹਾਲ ਹੀ ਵਿੱਚ ਇੱਕ ਵੈੱਬ ਪੋਰਟਲ
UDGAM (ਨਾਦਾਅਵਾ ਕੀਤੀ ਜਮ੍ਹਾ ਰਕਮ
ਐਕਸੈਸ ਜਾਣਕਾਰੀ) ਲਾਂਚ ਕੀਤਾ ਹੈ ਜੋ
ਉਪਭੋਗਤਾਵਾਂ ਨੂੰ ਇੱਕ ਥਾਂ 'ਤੇ ਕਈ ਬੈਂਕਾਂ
ਵਿੱਚ ਲਾਵਾਰਿਸ ਜਮ੍ਹਾਂ ਰਕਮਾਂ ਦੀ ਖੋਜ
ਕਰਨ ਦੀ ਸਹੂਲਤ ਦਿੰਦਾ ਹੈ। ਤੂੰ ਵੀ
ਆਪਣੀ ਜਮ੍ਹਾ ਰਕਮ ਦੀ ਖੋਜ ਕਰ
ਸਕਦਾ ਹੈਂ ਅਤੇ ਸਬੰਧਤ ਬੈਂਕ ਜਾ ਸਕਦਾ
ਹੈਂ ਅਤੇ ਆਪਣੀ ਜਮ੍ਹਾਂ ਰਕਮ ਦਾ ਦਾਅਵਾ
ਕਰ ਸਕਦੇ ਹੋ।"

ਰਾਜੁ-"ਇਹ ਤਾਂ ਆਸਾਨ ਹੈ!
ਇੱਕ ਪਲ ਲਈ ਮੈਂ ਸੋਚਿਆ
ਕਿ ਮੈਂ ਆਪਣਾ ਸਾਰਾ
ਪੈਸਾ ਗੁਆ ਦਿੱਤਾ ਹੈ।

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

17. ਡੋਰਸਟੈਪ ਬੈਂਕਿੰਗ ਸੇਵਾਵਾਂ

ਰਾਜੂ ਦੇ ਪਿਤਾ ਵਿਜੇ ਆਪਣੇ ਭਰਾ ਅਜੇ ਦੇ ਘਰ ਜਾਂਦੇ ਹਨ।

ਅਜੇ - "ਮੈਨੂੰ ਇਹ ਨਹੀਂ ਪਤਾ ਸੀ। ਪਰ ਕੀ ਉਹ ਘਰੋਂ-ਘਰੀਂ ਨਕਦੀ ਸਵੀਕਾਰ/ਪ੍ਰਦਾਨ ਕਰਦੇ ਹਨ?

ਵਿਜੇ-"ਹਾਂ, ਇਸ ਵਿੱਚ ਨਕਦੀ ਸਵੀਕਾਰ ਅਤੇ ਪ੍ਰਦਾਨ ਕਰਨਾ ਸ਼ਾਮਲ ਹੈ। ਅਜਿਹੀਆਂ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ ਜਿਵੇਂ ਕਿ ਡੀਡੀ ਦੀ ਡਿਲਿਵਰੀ, ਕੇਵਾਈਸੀ ਦਸਤਾਵੇਜ਼ ਜਮ੍ਹਾਂ ਕਰਾਉਣ ਅਤੇ ਜੀਵਨ ਸਰਟੀਫਿਕੇਟ ਸੇਵਾ।

ਅਜੇ-"ਕੀ ਮੇਰੀ XYZ ਬੈਂਕ ਸ਼ਾਖਾ ਇਹ ਸੇਵਾਵਾਂ ਪ੍ਰਦਾਨ ਕਰੇਗੀ? ਤੇ ਖਰਚੇ ਕੀ ਹਨ?"

ਵਿਜੇ ਆਪਣਾ ਫ਼ੋਨ ਚੈੱਕ ਕਰਦਾ ਹੈ।

ਵਿਜੇ-"ਹਾਂ! ਮੈਨੂੰ ਬੈਂਕ ਦੀ ਵੈੱਬਸਾਈਟ 'ਤੇ ਡੋਰਸਟੈਪ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਬ੍ਰਾਂਚਾਂ ਦੀ ਸੂਚੀ ਵਿੱਚ ਤੁਹਾਡੀ ਸ਼ਾਖਾ ਦਾ ਨਾਮ ਮਿਲਿਆ ਹੈ। ਖਰਚੇ ਵੀ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤੇ ਗਏ ਹਨ। ਦੇਖੋ!"

ਵਿਜੇ ਨੇ ਆਪਣਾ ਫ਼ੋਨ ਅਜੇ ਨੂੰ ਦਿਖਾਇਆ।

ਅਜੇ-"ਵਾਹ! ਮੈਂ ਇਸ ਸਹੂਲਤ ਦਾ ਤੁਰੰਤ ਲਾਭ ਲਵਾਂਗਾ!"

ਵਿਜੇ-"ਚੰਗਾ। ਤੁਹਾਨੂੰ ਹਮੇਸ਼ਾ ਕਰਮਚਾਰੀ/ਏਜੰਟ ਦੀ ID ਅਤੇ ਪ੍ਰਮਾਣ ਪੱਤਰ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਅਤੇ ਹੋਮ ਬ੍ਰਾਂਚ ਨਾਲ ਚੈਕਿੰਗ ਕਰਨੀ ਚਾਹੀਦੀ ਹੈ। ਸੇਵਾਵਾਂ ਦੀ ਰਸੀਦ ਲੈਣੀ ਭੁਲਿਉ।"

ਅਜੇ-"ਜ਼ਰੂਰ! ਤੁਹਾਡਾ ਬਹੁਤ ਬਹੁਤ ਧੰਨਵਾਦ. ਤੁਸੀਂ ਮੈਨੂੰ ਬਹੁਤ ਸਾਰੀਆਂ ਮੁਸੀਬਤਾਂ ਤੋਂ ਬਚਾਇਆ ਹੈ।"

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

https://cms.rbi.org.in/

18. ਕਾਰਡਾਂ ਦਾ ਟੋਕਨਾਈਜ਼ੇਸ਼ਨ

ਰਾਣੀ ਆਂਟੀ ਕਰਿਆਨੇ ਦੀ ਐਪ 'ਤੇ ਔਨਲਾਈਨ ਆਰਡਰ ਦੇ ਰਹੀ ਸੀ ਅਤੇ ਭੁਗਤਾਨ ਕਰਨ ਵਾਲੀ ਸੀ।

ਅਚਾਨਕ ਉਹ ਭੁਗਤਾਨ ਪੰਨੇ 'ਤੇ ਰੁਕ ਗਈ।

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ **https://rbi.org.in/** 'ਤੇ ਜਾਓ।

https://cms.rbi.org.in/

19. ਕਾਰਡ ਨਿਯੰਤਰਣ ਅਤੇ ਸੀਮਾਵਾਂ

ਇੱਕ ਦਿਨ ਨਾਨੀ ਸੰਜੂ ਦੇ ਘਰ ਆਈ।

ਨਾਨੀ (ਹੈਰਾਨ ਹੋ ਕੇ)- "ਸੱਚ ਮੁੱਚ? ਪਰ ਤੁਸੀਂ ਇਸ ਨੂੰ ਕਿਵੇਂ ਸੀਮਤ ਕਰ ਸਕਦੇ ਹੋ?"

ਸੰਜੂ- "ਆਰਬੀ ਆਈ ਦੀਆਂ ਹਦਾਇਤਾਂ ਅਨੁਸਾਰ, ਸਾਰੇ ਬੈਂਕਾਂ ਨੂੰ ਵੱਖ-ਵੱਖ ਢੰਗਾਂ ਰਾਹੀਂ ਤੁਹਾਡੇ ਕਾਰਡ ਦੀ ਵਰਤੋਂ ਕਰਕੇ ਕੀਤੇ ਗਏ ਸਾਰੇ ਪ੍ਰਕਾਰ ਦੇ ਲੈਣ-ਦੇਣ ਲਈ ਸਵਿੱਚ ਆਨ/ਆਫ਼ ਕਰਨ ਅਤੇ ਲੈਣ-ਦੇਣ ਦੀ ਸੀਮਾ ਨੂੰ ਸੈੱਟ/ਸੰਸ਼ੋਧਿਤ ਕਰਨ ਦੀ ਸਹੂਲਤ ਪ੍ਰਦਾਨ ਕਰਨੀ ਹੋਵੇਗੀ।"

ਨਾਨੀ- "ਵਾਹ ! ਇਹ ਇੱਕ ਵਧੀਆ ਸੁਰੱਖਿਆ ਉਪਾਅ ਹੈ।"

ਸੰਜੂ- "ਬਿਲਕੁਲ। ਜਿਵੇਂ, ਜੇਕਰ ਤੁਸੀਂ ਅੰਤਰਰਾਸ਼ਟਰੀ ਜਾਂ ਈ-ਕਾਮਰਸ ਲੈਣ-ਦੇਣ ਨਹੀਂ ਕਰਦੇ, ਤਾਂ ਤੁਸੀਂ ਇਸਨੂੰ ਬੰਦ ਰੱਖ ਸਕਦੇ ਹੋ। ਜੇਕਰ ਤੁਸੀਂ ਉੱਚ-ਮੁੱਲ ਵਾਲੇ ਸੰਪਰਕ ਰਹਿਤ ਟ੍ਰਾਂਜੈਕਸ਼ਨਾਂ ਨਾਲ ਅਰਾਮਦੇਹ ਨਹੀਂ ਹੋ, ਤਾਂ ਤੁਸੀਂ ਉਹਨਾਂ ਲਈ ਰਕਮ ਦੀ ਸੀਮਾ ਸੈੱਟ ਕਰ ਸਕਦੇ ਹੋ। ਇਹ ਬਹੁਤ ਆਸਾਨ ਹੈ।"

ਨਾਨੀ- "ਮੈਂ ਹੁਣ ਸੀਮਾ ਤੈਅ ਕਰਾਂਗੀ ਅਤੇ ਕਾਰਡ ਦੀ ਵਰਤੋਂ ਕਰਨਾ ਸ਼ੁਰੂ ਕਰਾਂਗੀ।"

ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ https://rbi.org.in/ 'ਤੇ ਜਾਓ।

20. ATM ਪਿੰਨ ਦੀ ਸਮੇਂ-ਸਮੇਂ 'ਤੇ ਤਬਦੀਲੀ

ਇੱਕ ਦਿਨ, ਰਾਜੂ ਆਪਣੇ ਨਵੇਂ ATM ਕਾਰਡ ਦੀ ਸਥਿਤੀ ਬਾਰੇ ਪੁੱਛਣ ਲਈ ਬੈਂਕ ਜਾਂਦਾ ਹੈ।



ਬੈਂਕਰ- "ਨਹੀਂ! ਜਿਵੇਂ ਹੀ ਤੁਸੀਂ ਕਾਰਡ ਪ੍ਰਾਪਤ ਕਰਦੇ ਹੋ, ਡਿਫਾਲਟ ਪਿੰਨ ਨੂੰ ਤੁਰੰਤ ਬਦਲਣਾ ਅਤੇ ਸਮੇਂ-ਸਮੇਂ 'ਤੇ ਇਸਨੂੰ ਬਦਲਣਾ ਇੱਕ ਸੁਰੱਖਿਅਤ ਅਭਿਆਸ ਹੈ। ਇਸ ਤੋਂ ਇਲਾਵਾ, ਤੁਸੀਂ ATM, ਮੋਬਾਈਲ ਐਪ, ਇੰਟਰਨੈੱਟ ਬੈਂਕਿੰਗ ਆਦਿ ਵਰਗੇ ਕਈ ਚੈਨਲਾਂ ਰਾਹੀਂ ਪਿੰਨ ਬਦਲ ਸਕਦੇ ਹੋ।
ਨਾਲ ਹੀ ਤੁਹਾਡੀ ਜਨਮ ਮਿਤੀ, ਮੋਬਾਈਲ ਨੰਬਰ ਆਦਿ ਵਰਗੇ ਆਸਾਨ ਅਤੇ ਅਨੁਮਾਨਿਤ ਪਿੰਨ ਸੈੱਟ ਕਰਨ ਅਤੇ ਕਿਤੇ ਵੀ ਪਿੰਨ ਲਿਖਣ ਤੋਂ ਬਚੋ।"
Banker
ਰਾਜੂ- "ਸੱਚਮੁੱਚ! ਜਾਣਕਾਰੀ ਅਤੇ ਮਾਰਗਦਰਸ਼ਨ ਲਈ ਧੰਨਵਾਦ ਸਰ.
ਮੈਂ ਸਮੇਂ-ਸਮੇਂ 'ਤੇ ਪਿੰਨ ਨੂੰ ਬਦਲਣਾ ਯਕੀਨੀ ਬਣਾਵਾਂਗਾ ਅਤੇ ਪਿੰਨ ਲਿਖਣ/ਸ਼ੇਅਰ ਕਰਨ ਤੋਂ ਵੀ ਬਚਾਂਗਾ।"

21. ਨਾਮਜ਼ਦਗੀ ਦੀ ਸਹੂਲਤ

ਰਾਣੀ ਆਂਟੀ ਆਪਣੇ ਬੇਟੇ ਨਾਲ ਰਾਜੂ ਦੇ ਘਰ ਜਾਂਦੀ ਹੈ ਅਤੇ ਬੈਂਕ ਵਿੱਚ ਨਕਦੀ ਅਤੇ ਗਹਿਣੇ ਜਮ੍ਹਾ ਕਰਵਾਉਣ ਲਈ ਉਸਦੀ ਮਦਦ ਮੰਗਦੀ ਹੈ।

https://cms.rbi.org.in/

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ https://rbi.org.in/ 'ਤੇ ਜਾਓ।

22. ਲਾਕਰਾਂ ਦੀ ਅਲਾਟਮੈਂਟ

ਕਰਨ ਨੇ ਇਕ ਮਹੀਨੇ ਦੀਆਂ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਦੀ ਯੋਜਨਾ ਬਣਾਈ ਹੈ। ਕੀਮਤੀ ਗਹਿਣਿਆਂ ਨੂੰ ਘਰ ਵਿੱਚ ਰੱਖਣਾ ਸੁਰੱਖਿਅਤ ਨਹੀਂ ਹੈ, ਇਸ ਗੱਲ ਨੂੰ ਸਮਝਦੇ ਹੋਏ, ਉਹ ਉਨ੍ਹਾਂ ਨੂੰ ਬੈਂਕ ਦੇ ਸੁਰੱਖਿਅਤ ਡਿਪਾਜ਼ਿਟ ਲਾਕਰ ਵਿੱਚ ਰੱਖਣ ਦਾ ਫੈਸਲਾ ਕਰਦਾ ਹੈ। ਇਸ ਲਈ, ਉਹ ਲਾਕਰ ਅਲਾਟਮੈਂਟ ਲਈ ABC ਬੈਂਕ ਦੀ ਨਜ਼ਦੀਕੀ ਸ਼ਾਖਾ ਵਿੱਚ ਜਾਂਦਾ ਹੈ।

ਕਰਨ-"ਸਰ, ਮੈਂ ਤੁਹਾਡੀ ਸ਼ਾਖਾ ਵਿੱਚ ਲਾਕਰ ਸੇਵਾਵਾਂ ਦਾ ਲਾਭ ਲੈਣਾ ਚਾਹੁੰਦਾ ਹਾਂ। ਮੇਰਾ ਇੱਥੇ ਬੱਚਤ ਖਾਤਾ ਹੈ।"

ਸ਼ਾਹੂਕਾਰ- "ਯਕੀਨਨ ਸਰ! ਲਾਕਰ ਦਾ ਲਾਭ ਲੈਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ₹੨ ਲੱਖ ਦੀ ਇੱਕ ਫਿਕਸਡ ਡਿਪਾਜ਼ਿਟ (FD) ਬਣਾਉਣ ਅਤੇ ਇੱਕ ਬੀਮਾ ਪਾਲਿਸੀ ਖਰੀਦਣ ਦੀ ਲੋੜ ਹੋਵੇਗੀ!

ਪੂਰੀ ਤਰ੍ਹਾਂ ਉਦਾਸ ਹੋ ਕੇ ਕਰਨ ਆਪਣੇ ਘਰ ਲਈ ਰਵਾਨਾ ਹੁੰਦਾ ਹੈ ਪਰ ਰਸਤੇ ਵਿੱਚ ਉਹ ਆਪਣੇ ਦੋਸਤ ਰਾਜੂ ਨੂੰ ਮਿਲਦਾ ਹੈ, ਜੋ ਕਰਨ ਤੋਂ ਪੁੱਛਦਾ ਹੈ ਕਿ ਉਹ ਉਦਾਸ ਕਿਉਂ ਹੈ।

(ਕਰਨ ਰਾਜੂ ਨੂੰ ਹੋਈ ਕਹਾਣੀ ਸੁਣਾਉਂਦਾ ਹੈ)

ਰਾਜੂ- "ਬੈਂਕ ਲਾਕਰਾਂ ਦੀ ਅਲਾਟਮੈਂਟ ਲਈ ਕੋਈ ਸ਼ਰਤਾਂ ਨਹੀਂ ਰੱਖ ਸਕਦੇ।
ਨਾਲ ਹੀ, ਬੈਂਕਾਂ ਨੂੰ ਅਲਾਟਮੈਂਟ ਦੇ ਸਮੇਂ ਵੱਧ ਤੋਂ ਵੱਧ ਇਕ ਅਜਿਹੀ ਫਿਕਸਡ ਡਿਪਾਜ਼ਿਟ (FD)
ਪ੍ਰਾਪਤ ਕਰਨ ਦੀ ਇਜਾਜ਼ਤ ਹੈ, ਜਿਸ ਵਿੱਚ ਤਿੰਨ ਸਾਲਾਂ ਦਾ ਕਿਰਾਇਆ ਅਤੇ ਕਿਸੇ ਵੀ
ਸਥਿਤੀ ਵਿੱਚ ਲਾਕਰ ਨੂੰ ਤੋੜਨ ਦੇ ਖਰਚਿਆਂ ਨੂੰ ਕਵਰ ਕੀਤਾ ਜਾਵੇਗਾ।"

ਕਰਨ- "ਪਰ, ਕੀ ਅਕਾਉਂਟ ਧਾਰਕ ਲਈ ਲਾਕਰ ਲੈਣ
ਲਈ ਵੀ FD ਲਾਜ਼ਮੀ ਹੈ?"

ਰਾਜੂ- "ਨਹੀਂ! ਇਹ ਨਹੀਂ ਹੈ. ਵੈਸੇ, ਮੈਂ ਵੀ ਆਰਬੀਆਈ ਦੇ ਨਵੀਨਤਮ
ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਆਪਣੇ ਮੌਜੂਦਾ ਲਾਕਰ ਸਮਝੌਤੇ ਨੂੰ
ਨਵਿਆਉਣ ਲਈ ਬੈਂਕ ਜਾ ਰਿਹਾ ਹਾਂ।
ਹਦਾਇਤਾਂ ਹਨ ਕਿ ਬੈਂਕਾਂ ਨੂੰ ਮੌਜੂਦਾ ਲਾਕਰ ਸਮਝੌਤਿਆਂ ਨੂੰ
ਨਵਿਆਉਣਾ ਹੋਵੇਗਾ।

(ਕਰਨ ਤੁਰੰਤ ਬ੍ਰਾਂਚ ਗਿਆ ਅਤੇ ਆਰਬੀਆਈ ਦੇ ਦਿਸ਼ਾ-ਨਿਰਦੇਸ਼ ਦਿਖਾਏ)

ਬੈਂਕਰ- "ਮੈਨੂੰ ਹੋਈ ਅਸੁਵਿਧਾ ਲਈ ਸੱਚਮੁੱਚ ਅਫ਼ਸੋਸ ਹੈ।
ਕਿਰਪਾ ਕਰਕੇ ਲਾਕਰ ਅਲਾਟਮੈਂਟ ਲਈ ਅਰਜ਼ੀ ਜਮ੍ਹਾਂ ਕਰੋ।"

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

23. ਗੰਦੇ / ਖਰਾਬ ਹੋ ਚੁੱਕੇ ਕਰੰਸੀ ਨੋਟਾਂ ਦਾ ਵਟਾਂਦਰਾ

ਇੱਕ ਦਿਨ, ਸ਼ਾਰਦਾ, ਸੰਜੁ ਦੀ ਮਾਂ ਉਦਾਸ ਸੀ।



ਹੋਰ ਜਾਣਨ ਲਈ ਸਕੈਨ ਕਰੋ।

ਅੱਪਡੇਟ ਲਈ, ਜੇਕਰ ਕੋਈ ਹੈ https://rbi.org.in/ 'ਤੇ ਜਾਓ।

https://cms.rbi.org.in/

24. RBI ਸੰਪਰਕ ਕੇਂਦਰ ਟੋਲ ਫ੍ਰੀ ਨੰਬਰ 14448

ਇੱਕ ਦਿਨ, ਗੁਆਂਢੀ ਪਿੰਡ ਦੇ ਪੰਜ ਵਿਅਕਤੀਆਂ ਦੇ ਇੱਕ ਸਮੂਹ ਨੇ ਜਾਰੀ ਕੀਤੇ ਬੈਂਕਿੰਗ ਬਾਰੇ ਆਪਣੇ ਸ਼ੰਕਿਆਂ ਨੂੰ ਸਪੱਸ਼ਟ ਕਰਨ ਲਈ ਵਿਜੇ ਨਾਲ ਮੁਲਾਕਾਤ ਕੀਤੀ।

ਵਿਅਕਤੀ 1: "ਵਿਜੇ, ABC ਫਾਈਨਾਂਸ ਕੰਪਨੀ ਨੇ ਮੇਰੇ ਨਿੱਜੀ ਕਰਜ਼ੇ 'ਤੇ ਵਾਧੂ ਵਿਆਜ ਵਸੂਲਿਆ ਹੈ।ਕੰਪਨੀ ਕੋਲ ਕਈ ਸ਼ਿਕਾਇਤਾਂ ਦੇ ਬਾਵਜੂਦ ਇਸ ਮੁੱਦੇ ਦੇ ਹਲ ਬਾਰੇ ਮੈਨੂੰ ਕੁਝ ਨਹੀਂ ਪਤਾ ਲੱਗਾ ਕਿ ਅੱਗੇ ਕਿਵੇਂ ਵਧਣਾ ਹੈ। ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ?"

ਵਿਜੇ: "14448"

ਵਿਅਕਤੀ 2: "ਸ਼੍ਰੀ ਮਾਨ ਜੀ, XYZ ਬੈਂਕ ਨੇ ਮੇਰੇ ਅਕਾਉਂਟ ਵਿੱਚ ਪੈਸੇ ਵਾਪਸ ਨਹੀਂ ਕੀਤੇ ਹਨ ਜੋ ਤਿੰਨ ਮਹੀਨੇ ਪਹਿਲਾਂ ਹੋਏ ਇੱਕ ਅਸਫਲ ATM ਟ੍ਰਾਂਜੈਕਸ਼ਨ ਵਿੱਚ ਡੈਬਿਟ ਕੀਤੇ ਗਏ ਸਨ। ਮੈਂ ਇੱਕ ਮਹੀਨਾ ਪਹਿਲਾਂ ਲਿਖਤੀ ਸ਼ਿਕਾਇਤ ਕੀਤੀ ਹੈ ਅਤੇ ਗਾਹਕ ਦੇਖਭਾਲ ਨਾਲ ਕਈ ਵਾਰ ਗੱਲ ਕੀਤੀ ਹੈ। ਫਿਰ ਵੀ ਕੋਈ ਰਿਫੰਡ ਨਹੀਂ ਹੋਇਆ। ਕੀ ਤੁਸੀਂ ਮੇਰਾ ਇਸ ਬਾਰੇ ਮਾਰਗਦਰਸ਼ਨ ਕਰ ਸਕਦੇ ਹੋ ਕਿ ਮੇਰੀ ਮਿਹਨਤ ਨਾਲ ਕਮਾਏ ਪੈਸੇ ਨੂੰ ਕਿਵੇਂ ਵਾਪਸ ਪ੍ਰਾਪਤ ਕਰਨਾ ਹੈ?"

ਵਿਜੇ- “14448”

(ਇਸੇ ਤਰ੍ਹਾਂ, ਬਾਕੀ ਸਾਰੇ ਲੋਕਾਂ ਨੇ ਉਨ੍ਹਾਂ ਮੁੱਦਿਆਂ 'ਤੇ ਸ਼ਿਕਾਇਤ ਕੀਤੀ ਜਿਨ੍ਹਾਂ ਦਾ ਉਹ ਬੈਂਕਾਂ ਨਾਲ ਸਾਹਮਣਾ ਕਰ ਰਹੇ ਹਨ।)

ਅਤੇ ਵਿਜੇ ਨੇ ਉਹੀ ਨੰਬਰ ਦੁਹਰਾਇਆ, 14448!!!!
(ਸਾਰੇ ਪਿੰਡ ਵਾਲੇ ਹੈਰਾਨ ਹੋ ਗਏ। ਵਿਜੇ ਭਾਵੇਂ ਸ਼ਾਂਤ ਰਿਹਾ। ਕੁਝ ਦੇਰ ਬਾਅਦ ਉਹ ਬੋਲਣ ਲੱਗਾ।)
“14448 CMS ਲਈ ਭਾਰਤੀ ਰਿਜ਼ਰਵ ਬੈਂਕ ਦੇ ਸੰਪਰਕ ਕੇਂਦਰ ਦਾ ਇੱਕ ਟੋਲ-ਫ੍ਰੀ ਨੰਬਰ ਹੈ, RBI ਦਾ ਸ਼ਿਕਾਇਤ ਪੋਰਟਲ, ਜਿੱਥੇ ਕੋਈ ਵਿਅਕਤੀ ਬੈਂਕਾਂ/NBFCs ਆਦਿ ਦੇ ਵਿਰੁੱਧ ਸ਼ਿਕਾਇਤ ਕਿਵੇਂ ਕਰਨੀ ਹੈ ਬਾਰੇ ਮਾਰਗਦਰਸ਼ਨ ਪ੍ਰਾਪਤ ਕਰ ਸਕਦਾ ਹੈ।"

ਵਿਅਕਤੀ 1 - "ਮੈਨੂੰ ਡਰ ਹੈ ਕਿ ਮੈਂ ਅੰਗਰੇਜ਼ੀ ਨਹੀਂ ਬੋਲ ਸਕਦਾ।"

ਵਿਜੇ- “ਚਿੰਤਾ ਨਾ ਕਰ। RBI ਅੰਗਰੇਜ਼ੀ ਅਤੇ ਹਿੰਦੀ ਤੋਂ ਇਲਾਵਾ ਕਈ ਖੇਤਰੀ ਭਾਸ਼ਾਵਾਂ ਵਿੱਚ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ। ਨਹੀਂ ਤਾਂ ਆਪਣੀਆਂ ਸ਼ਿਕਾਇਤਾਂ https://cms.rbi.org.in/ ਪੋਰਟਲ 'ਤੇ ਦਰਜ ਕਰੋ ਅਤੇ ਕਿਸੇ ਵੀ ਸਵਾਲ ਦੀ ਸਥਿਤੀ ਵਿੱਚ ਟੋਲ-ਫ੍ਰੀ ਨੰਬਰ 14448 ਤੋਂ ਮਾਰਗਦਰਸ਼ਨ ਲਓ।

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

25. CMS ਪੋਰਟਲ 'ਤੇ ਸ਼ਿਕਾਇਤ ਦਰਜ ਕਰਨਾ

ਨਾਨੀ- "ਧੰਨਵਾਦ। ਮੈਂ ਤੁਰੰਤ https://cms.rbi.org.in 'ਤੇ ਸ਼ਿਕਾਇਤ ਦਰਜ ਕਰਾਂਗੀ।

ਸੰਜੂ- "RB-IOS ਦੇ ਤਹਿਤ ਸ਼ਿਕਾਇਤ ਸਿਰਫ 30 ਦਿਨਾਂ ਦੇ ਅੰਦਰ ਬੈਂਕ ਤੋਂ ਕੋਈ ਜਵਾਬ ਨਾ ਮਿਲਣ ਜਾਂ ਅਸੰਤੁਸ਼ਟੀਜਨਕ ਜਵਾਬ ਮਿਲਣ ਦੀ ਸਥਿਤੀ ਵਿੱਚ ਕੀਤੀ ਜਾਣੀ ਚਾਹੀਦੀ ਹੈ। ਨਹੀਂ ਤਾਂ, ਸ਼ਿਕਾਇਤ ਦਾ ਨਿਪਟਾਰਾ ਨਹੀਂ ਹੋਵੇਗਾ। "

ਨਾਨੀ- ਹੋਰ ਕਿੰਨੇ ਆਧਾਰਾਂ 'ਤੇ, ਸ਼ਿਕਾਇਤ ਦਾ ਨਿਪਟਾਰਾ ਨਹੀਂ ਹੋਵੇਗਾ?

ਸੰਜੂ- "ਜਿਵੇਂ, ਜੇਕਰ ਇਹ ਅਧੂਰੇ ਵੇਰਵਿਆਂ, ਡੁਪਲੀਕੇਟ ਸ਼ਿਕਾਇਤਾਂ, ਵਕੀਲ ਰਾਹੀਂ ਕੀਤੀ ਗਈ, ਕਿਸੇ ਹੋਰ ਫੋਰਮ ਵਿੱਚ ਲੰਬਿਤ, ਆਦਿ ਨਾਲ ਦਰਜ ਕੀਤੀ ਗਈ ਹੈ।"

ਨਾਨੀ- "ਕੀ ਮੈਂ ਆਪਣੀ ਸ਼ਿਕਾਇਤ ਦੀ ਸਥਿਤੀ ਨੂੰ ਟਰੈਕ ਕਰ ਸਕਦੀ ਹਾਂ?"

ਸੰਜੂ- "ਹਾਂ। ਤੁਸੀਂ ਇਸ ਨੂੰ https://cms.rbi.org.in 'ਤੇ ਟ੍ਰੈਕ ਕਰ ਸਕਦੇ ਹੋ ਜਾਂ 14448 'ਤੇ ਕਾਲ ਕਰ ਸਕਦੇ ਹੋ।

ਨਾਨੀ- "ਧੰਨਵਾਦ।
ਇਹ ਬਹੁਤ ਮਦਦਗਾਰ ਹੈ। "

ਹੋਰ ਜਾਣਨ ਲਈ ਸਕੈਨ ਕਰੋ।
ਅੱਪਡੇਟ ਲਈ, ਜੇਕਰ ਕੋਈ ਹੈ *https://rbi.org.in/* 'ਤੇ ਜਾਓ।

भारतीय रिज़र्व बैंक

RESERVE BANK OF INDIA

ਖਪਤਕਾਰ ਸਿੱਖਿਆ ਅਤੇ ਸੁਰੱਖਿਆ ਵਿਭਾਗ ਰਿਜ਼ਰਵ
ਬੈਂਕ ਆਫ ਇੰਡੀਆ

https://cms.rbi.org.in/